## ਭਗਤ ਰਵਿਦਾਸ - ਸਬਦ ੩੦

### ਮੁਕੰਦ ਮੁਕੰਦ ਜਪਹੁ ਸੰਸਾਰ ॥

### ਰਾਗੁ ਗੋਂਡ, ਭਗਤ ਰਵਿਦਾਸ, ਗੁਰੂ ਗ੍ਰੰਥ ਸਾਹਿਬ, ੮੭੫

ਮੁਕੰਦ ਮੁਕੰਦ ਜਪਹੁ ਸੰਸਾਰ ॥
ਬਿਨੁ ਮੁਕੰਦ ਤਨੁ ਹੋਇ ਅਉਹਾਰ ॥
ਸੋਈ ਮੁਕੰਦੁ ਮੁਕਤਿ ਕਾ ਦਾਤਾ ॥
ਸੋਈ ਮੁਕੰਦੁ ਹਮਰਾ ਪਿਤ ਮਾਤਾ ॥੧॥
ਜੀਵਤ ਮੁਕੰਦੇ ਮਰਤ ਮੁਕੰਦੇ ॥
ਤਾ ਕੇ ਸੇਵਕ ਕਉ ਸਦਾ ਅਨੰਦੇ ॥੧॥ ਰਹਾਉ ॥
ਮੁਕੰਦ ਮੁਕੰਦ ਹਮਾਰੇ ਪ੍ਰਾਨੰ ॥
ਜਪਿ ਮੁਕੰਦ ਮਸਤਕਿ ਨੀਸਾਨੰ ॥
ਸੇਵ ਮੁਕੰਦ ਕਰੈ ਬੈਰਾਗੀ ॥
ਸੋਈ ਮੁਕੰਦੁ ਦੁਰਬਲ ਧਨੁ ਲਾਧੀ ॥੨॥
ਏਕੁ ਮੁਕੰਦੁ ਕਰੈ ਉਪਕਾਰੁ ॥
ਹਮਰਾ ਕਹਾ ਕਰੈ ਸੰਸਾਰੁ ॥
ਮੇਟੀ ਜਾਤਿ ਹੂਏ ਦਰਬਾਰਿ ॥
ਤੁਹੀ ਮੁਕੰਦ ਜੋਗ ਜੁਗ ਤਾਰਿ ॥੩॥
ਉਪਜਿਓ ਗਿਆਨੁ ਹੂਆ ਪਰਗਾਸ ॥
ਕਰਿ ਕਿਰਪਾ ਲੀਨੇ ਕੀਟ ਦਾਸ ॥
ਕਹੁ ਰਵਿਦਾਸ ਅਬ ਤ੍ਰਿਸਨਾ ਚੂਕੀ ॥
ਜਪਿ ਮੁਕੰਦ ਸੇਵਾ ਤਾਹੂ ਕੀ ॥੪॥੧॥

ਸਾਰ: ਆਪਣੇ ਮੂਲ ਅੰਦਰ, ਅਸੀਂ ਸਾਰੇ ਹਉਮੈ ਤੋਂ ਮੁਕਤੀ ਲਈ ਤਾਂਘ ਰੱਖਦੇ ਹਾਂ, ਭਾਵੇਂ ਅਸੀਂ ਉਸ ਆਜ਼ਾਦੀ ਨੂੰ ਵੱਖ-ਵੱਖ ਰਸਤਿਆਂ ਰਾਹੀਂ ਭਾਲਦੇ ਹਾਂ। ਮੁਕੰਦ, ਜਾਗਰੂਕਤਾ ਨੂੰ ਮੁਕਤ ਕਰਨ ਦਾ ਤੱਤਸਾਰ, ਇਕ

ਸ਼ਕਤੀਸ਼ਾਲੀ ਊਰਜਾ ਵਜੋਂ ਕਾਰਜ਼ ਕਰਦਾ ਹੈ ਜੋ ਡਰ, ਲਾਲਸਾ, ਹੰਕਾਰ ਅਤੇ ਨਤੀਜਿਆਂ ਨੂੰ ਨਿਯੰਤਰਿਤ ਕਰਨ ਦੀ ਇੱਛਾ ਦੀਆਂ ਗੰਢਾਂ ਨੂੰ ਖੋਲ੍ਹਦਾ ਹੈ। ਇਹ ਉਹ ਅੰਤਰੀਵੀ ਤਾਕਤ ਹੈ ਜੋ ਸਾਨੂੰ ਅਗਿਆਨਤਾ ਤੋਂ ਮੁਕਤ ਕਰਦੀ ਹੈ ਅਤੇ ਸਾਨੂੰ ਜਾਗਰੂਕਤਾ ਦੇ ਕੇਂਦਰ ਨਾਲ ਦੁਬਾਰਾ ਜੋੜਦੀ ਹੈ। ਮੁਕੰਦ ਨੂੰ ਚਿੰਤਨ ਵਿਚ ਰੱਖ ਕੇ, ਅਸੀਂ ਇਕ ਅਜਿਹੀ ਅੰਤਰੀਵੀ ਸੱਦ ਦੀ ਸਿਰਜਨਾ ਕਰਦੇ ਹਾਂ; ਜੋ  ਹਰ ਵਾਰ ਮਾਰੂ ਪ੍ਰਵਿਰਤੀਆਂ ਦੀ ਮਾਰ ਹੇਠ ਭਟਕਦੇ ਸਾਡੇ ਮਨ ਨੂੰ, ਸਪੱਸ਼ਟਟਤਾ ਵੱਲ ਵਾਪਸ ਲੈ ਜਾਂਦੀ ਹੈ। ਸਮੇਂ ਦੇ ਨਾਲ, ਇਕਸਾਰਤਾ ਵਿਚ ਕੀਤਾ ਇਸ ਦਾ ਅਭਿਆਸ, ਮੁਕਤੀ ਦੀ ਸਾਡੀ ਉਸ ਯਾਤਰਾ ਨੂੰ ਗੂੜ੍ਹ ਕਰਦਾ ਹੈ ਜਿਸਦੀ ਭਾਲ ਅਸੀਂ ਸਾਰੇ ਕਰਦੇ ਹਾਂ।

ਮੁਕੰਦ ਮੁਕੰਦ ਜਪਹੁ ਸੰਸਾਰ ॥

ਉਹ ਜਾਗਰੂਕਤਾ ਜੋ ਮੁਕਤੀ ਦਿੰਦੀ ਹੈ, ਇਕ ਅਜਿਹੀ ਵਸਤ ਹੈ ਜਿਸ ਬਾਰੇ ਦੁਨੀਆਂ ਨੂੰ ਚਿੰਤਨ ਕਰਨਾ ਚਾਹੀਦਾ ਹੈ। ਇਹ ਭਾਵ ਸੁਝਾਅ ਦਿੰਦਾ ਹੈ ਕਿ ਬਿਬੇਕ ਦੀ ਭਾਲ ਅਤੇ ਪ੍ਰਗਟਾਵਾ ਸਾਨੂੰ ਸੰਸਾਰਿਕ ਮੋਹ ਤੋਂ ਮੁਕਤ ਕਰ ਸਕਦਾ ਹੈ।

ਬਿਨੁ ਮੁਕੰਦ ਤਨੁ ਹੋਇ ਅਉਹਾਰ ॥

ਇਸ ਮੁਕਤੀਦਾਇਕ ਚੇਤਨਾ ਤੋਂ ਬਿਨਾਂ, ਸਰੀਰ ਦੀ ਮਹੱਤਤਾ ਘੱਟ ਜਾਂਦੀ ਹੈ। ਇਹ ਭਾਵ ਇਸ ਤੱਥ 'ਤੇ ਜ਼ੋਰ ਦਿੰਦਾ ਹੈ ਕਿ ਇਕ ਭੌਤਿਕ ਰੂਪ ਜੋ ਆਪਣੇ ਰੂਹਾਨੀ ਤੱਤਸਾਰ ਤੋਂ ਵੱਖ ਹੁੰਦਾ ਹੈ, ਉਹ ਉਦੇਸ਼ ਰਹਿਤ ਅਤੇ ਅਰਥਹੀਨ ਹੋ ਜਾਂਦਾ ਹੈ।

ਸੋਈ ਮੁਕੰਦੁ ਮੁਕਤਿ ਕਾ ਦਾਤਾ ॥

ਮੁਕਤੀਦਾਇਕ ਚੇਤਨਾ ਖੁਦ ਆਜ਼ਾਦੀ ਦੀ ਦਾਤੀ ਹੈ। ਇਹ ਬਿਬੇਕ ਦੇ ਸਰੋਤ ਨੂੰ ਉਸੇ ਵਿਧੀ ਵਜੋਂ ਪਛਾਣਦਾ ਹੈ ਜਿਸ ਦੁਆਰਾ ਕੋਈ ਵਿਅਕਤੀ ਸੰਸਾਰਿਕ ਬੰਧਨਾਂ ਤੋਂ ਉੱਪਰ ਉੱਠਦਾ ਹੈ।

ਸੋਈ ਮੁਕੰਦੁ ਹਮਰਾ ਪਿਤ ਮਾਤਾ ॥੧॥

ਮੁਕਤੀਦਾਇਕ ਜਾਗਰੂਕਤਾ ਸਾਡੇ ਮਾਰਗਦਰਸ਼ਕ ਪਿਤਾ ਅਤੇ ਪਾਲਣਹਾਰੀ ਵਾਲੀ ਮਾਂ ਵਜੋਂ ਕਾਰਜ਼ ਕਰਦੀ ਹੈ। ਇਹ ਰੂਪਕ ਬਿਬੇਕ ਨੂੰ ਇਕ ਅਜਿਹੇ ਸੋਮੇ ਵਜੋਂ ਦਰਸਾਉਂਦਾ ਹੈ ਜੋ ਸਪਸ਼ਟਤਾ ਅਤੇ ਸਾਡੇ ਰੂਹਾਨੀ ਵਿਕਾਸ ਨੂੰ ਵਧਾਉਂਦਾ ਹੈ। (੧)

ਜੀਵਤ ਮੁਕੰਦੇ ਮਰਤ ਮੁਕੰਦੇ ॥

ਮੁਕਤੀਦਾਇਕ ਚੇਤਨਾ ਨਾਲ ਜੀਉਣਾ, ਅਤੇ ਇਸ ਦੇ ਨਾਲ ਹੀ ਮਰਨਾ। ਇਹ ਅਵਸਥਾ ਉਸ ਵਿਗਾਸ ਨੂੰ ਪਰਿਭਾਸ਼ਿਤ ਕਰਦੀ ਹੈ, ਜਿਸ ਰਾਹੀਂ ਅੰਤਹਰਣ ਜੀਉਂਦਾ ਰਹਿੰਦਾ ਹੈ ਪਰ ਹਉਮੈ ਨਾਸ਼ ਹੋ ਜਾਂਦੀ ਹੈ।

ਤਾ ਕੇ ਸੇਵਕ ਕਉ ਸਦਾ ਅਨੰਦੇ ॥੧॥ ਰਹਾਉ ॥

ਇਸ ਮੁਕਤੀਦਾਇਕ ਚੇਤਨਾ ਪ੍ਰਤੀ ਸਮਰਪਿਤ ਹਮੇਸ਼ਾ ਅਨੰਦ ਦੀ ਅਵਸਥਾ ਵਿਚ ਰਹਿੰਦੇ ਹਨ। ਇਹ ਭਾਵ ਦਰਸਾਉਂਦਾ ਹੈ ਕਿ ਸੱਚਾ ਆਨੰਦ ਅਤੇ ਸਥਿਰਤਾ ਅੰਤਰੀਵੀ ਅਟੱਲ ਹਕੀਕਤ ਨਾਲ ਜੁੜਨ ਨਾਲ ਪੈਦਾ ਹੁੰਦੀ ਹੈ। (੧)(ਠਹਿਰਾਉ)

ਮੁਕੰਦ ਮੁਕੰਦ ਹਮਾਰੇ ਪ੍ਰਾਨੰ ॥

ਇਸ ਮੁਕਤੀਦਾਇਕ ਚੇਤਨਾ ਦੀ ਭਾਲ ਅਤੇ ਪ੍ਰਾਪਤੀ ਜੀਵਨ ਰੂਪੀ ਸਾਹ ਦੀ ਤਰ੍ਹਾਂ ਹੈ। ਇਹ ਭਾਵ ਦਰਸਾਉਂਦਾ ਹੈ ਕਿ ਰੂਹਾਨੀ ਸੰਬੰਧ ਸਾਹ ਲੈਣ ਦੀ ਸਰੀਰਕ ਪ੍ਰਕਿਰਿਆ ਵਾਂਗ ਹੀ ਮਹੱਤਵਪੂਰਨ ਅਤੇ ਸਮੀਪ ਹਨ।

ਜਪਿ ਮੁਕੰਦ ਮਸਤਕਿ ਨੀਸਾਨੰ ॥

ਇਸ ਮੁਕਤੀਦਾਇਕ ਚੇਤਨਾ 'ਤੇ ਵਿਚਾਰ ਕਰਨ ਨਾਲ ਕਿਸੇ ਦੇ ਮੱਥੇ 'ਤੇ ਕਿਸਮਤ ਦਾ ਨਿਸ਼ਾਨ ਰਹਿ ਸਕਦਾ ਹੈ। ਇਸ ਕਥਨ ਤੋਂ ਭਾਵ ਹੈ ਕਿ, ਸਵੈ-ਚਿੰਤਨ ਦੁਆਰਾ, ਅਸੀਂ ਸਪਸ਼ਟਤਾ ਪ੍ਰਾਪਤ ਕਰ ਸਕਦੇ ਹਾਂ ਜੋ ਸਾਡੀ ਕਿਸਮਤ ਨੂੰ ਤ੍ਰਾਸ਼ ਸਕਦੀ ਹੈ।

ਸੇਵ ਮੁਕੰਦ ਕਰੈ ਬੈਰਾਗੀ ॥

ਮੁਕਤੀਦਾਇਕ ਚੇਤਨਾ ਪ੍ਰਤੀ ਸ਼ਰਧਾ ਸਾਧਕ ਨੂੰ ਬੇਲੋੜੀਆਂ ਇੱਛਾਵਾਂ ਤੋਂ ਮੁਕਤ ਕਰਨ ਵਿਚ ਮਦਦ ਕਰਦੀ ਹੈ। ਇਸ ਤੋਂ ਭਾਵ ਹੈ ਕਿ ਤਿਆਗ ਵਿਚ ਸਿਰਫ਼ ਸੰਸਾਰ ਨੂੰ ਛੱਡਣਾ ਹੀ ਨਹੀਂ, ਸਗੋਂ ਅੰਤਰੀਵੀ ਵਿਕਾਰਾਂ ਨੂੰ ਸੁਚੇਤ ਤੌਰ 'ਤੇ ਤਿਆਗਣਾ ਵੀ ਸ਼ਾਮਲ ਹੈ।

ਸੋਈ ਮੁਕੰਦੁ ਦੁਰਬਲ ਧਨੁ ਲਾਧੀ ॥੨॥

ਜਾਗਰੂਕਤਾ ਮੁਕਤੀ ਵੱਲ ਲੈ ਜਾ ਸਕਦੀ ਹੈ, ਜਿਸ ਨਾਲ ਹੀਣ ਵੀ ਬਿਬੇਕ ਦੇ ਭੰਡਾਰ ਦੀ ਖੋਜ ਕਰ ਸਕਦੇ ਹਨ। ਸਵੈ-ਖੋਜ ਦੀ ਇਹ ਯਾਤਰਾ ਕਿਸੇ ਨੂੰ ਆਪਣੀਆਂ ਸਮਰਥਾਂਵਾਂ ਨੂੰ ਪਛਾਣਨ ਅਤੇ ਆਪਣੀਆਂ ਹੱਦਬੰਦੀਆਂ ਤੋਂ ਆਜ਼ਾਦੀ ਭਾਲਣ ਦੇ ਯੋਗ ਬਣਾਉਂਦੀ ਹੈ। (੨)

ਏਕੁ ਮੁਕੰਦੁ ਕਰੈ ਉਪਕਾਰੁ ॥

ਇਹ ਇਕੋ ਇਕ ਮੁਕਤੀਦਾਇਕ ਚੇਤਨਾ ਇਸਦਾ ਸਮਰਥਨ ਕਰਦੀ ਹੈ। ਇਹ ਭਾਵ ਦਰਸਾਉਂਦਾ ਹੈ ਕਿ ਜੋ ਲੋਕ ਵਿਸ਼ਵਵਿਆਪੀ ਨਿਯਮਾਂ ਨਾਲ ਜੁੜੇ ਹੋਏ ਹਨ, ਉਨ੍ਹਾਂ ਨੂੰ ਲਾਹਾ ਪ੍ਰਾਪਤ ਹੁੰਦਾ ਹੈ।

ਹਮਰਾ ਕਹਾ ਕਰੈ ਸੰਸਾਰੁ ॥

ਹੁਣ ਦੁਨੀਆਂ ਮੇਰਾ ਕੀ ਨੁਕਸਾਨ ਕਰ ਸਕਦੀ ਹੈ? ਇਹ ਸਵੈ-ਜਾਗਰੂਕਤਾ ਵਿਚ ਜੜ੍ਹੀ ਹੋਈ ਉਸ ਨਿਡਰਤਾ ਨੂੰ ਪ੍ਰਗਟ ਕਰਦਾ ਹੈ, ਜਿੱਥੇ ਬਾਹਰੀ ਨਿਰਣੇ ਅਤੇ ਜ਼ੁਲਮ ਆਪਣੀ ਸਮਰਥਾ ਗੁਆ ਦਿੰਦੇ ਹਨ।

ਮੇਟੀ ਜਾਤਿ ਹੂਏ ਦਰਬਾਰਿ ॥

ਸਮਾਜਿਕ ਅਤੇ ਧਾਰਮਿਕ ਪਛਾਣਾਂ ਨੂੰ ਮਿਟਾ ਕੇ, ਹੋਂਦ ਇਕ ਸ਼ਾਹੀ ਇਕੱਠ ਵਿਚ ਬਦਲ ਜਾਂਦੀ ਹੈ। ਇਹ ਭਾਵ ਦਰਸਾਉਂਦਾ ਹੈ ਕਿ ਜਿਵੇਂ-ਜਿਵੇਂ ਸਮਾਜਿਕ ਮਾਰਕੇ ਅਤੇ ਸਿਰਜਤ ਧਰਮ ਭੰਗ ਹੁੰਦੇ ਹਨ, ਮਨੁੱਖ ਵਿਸ਼ਵਵਿਆਪੀ ਏਕਤਾ ਤੱਕ ਪਹੁੰਚ ਪ੍ਰਾਪਤ ਕਰਦਾ ਹੈ।

ਤੁਹੀ ਮੁਕੰਦ ਜੋਗ ਜੁਗ ਤਾਰਿ ॥੩॥

ਤੁਸੀਂ ਮੁਕਤੀਦਾਇਕ ਚੇਤਨਾ ਹੋ ਜੋ ਸਾਰੇ ਖੰਡਾਂ ਵਿਚ ਅੰਤਹਕਰਣ ਨੂੰ ਪ੍ਰਕਾਸ਼ਮਾਨ ਕਰਦੀ ਹੈ। ਇਸਦਾ ਅਰਥ ਹੈ ਕਿ ਆਜ਼ਾਦੀ ਸਪਸ਼ਟਤਾ ਤੋਂ ਪੈਦਾ ਹੁੰਦੀ ਹੈ ਜੋ ਸਮੇਂ ਤੋਂ ਪਾਰ ਹੈ, ਅਤੇ ਸਾਨੂੰ ਇਹ ਪਛਾਣਨ ਦੇ ਯੋਗ ਬਣਾਉਂਦੀ ਹੈ ਕਿ ਵਿਸ਼ਵਵਿਆਪੀ ਸੱਚ ਸਦੀਵੀ ਹੈ। (੩)

ਉਪਜਿਓ ਗਿਆਨੁ ਹੂਆ ਪਰਗਾਸ ॥

ਬਿਬੇਕ ਸਿਰਜਤ ਹੋਣ ਨਾਲ ਪ੍ਰਕਾਸ਼ ਉਭਰਿਆ ਹੈ। ਇਹ ਭਾਵ ਜਾਗਣ ਦੇ ਉਸ ਖੁਸ਼ੀ ਭਰੇ ਪਲ ਦਾ ਵਰਣਨ ਕਰਦਾ ਹੈ ਜਦੋਂ ਅਗਿਆਨਤਾ ਦੂਰ ਹੋ ਜਾਂਦੀ ਹੈ।

ਕਰਿ ਕਿਰਪਾ ਲੀਨੇ ਕੀਟ ਦਾਸ ॥

ਮੁਕਤੀਦਾਇਕ ਚੇਤਨਾ ਦੀ ਕਿਰਪਾ ਦੁਆਰਾ, ਇਕ ਨਿਮਾਣੇ ਕੀੜੇ ਵਾਂਗ, ਨਿਮਰ ਵੀ ਰੂਹਾਨੀ ਤੌਰ 'ਤੇ ਏਕੀਕ੍ਰਿਤ ਹੋ ਜਾਂਦੇ ਹਨ। ਇਹ ਭਾਵ ਸੁਝਾਅ ਦਿੰਦਾ ਹੈ ਕਿ, ਜਾਗਰੂਕਤਾ ਦੇ ਖੰਡ ਵਿਚ, ਮਿਲਾਪ ਕਿਸੇ ਵੀ ਦਰਜਾਬੰਦੀ ਦੀ ਹੱਦ ਤੋਂ ਪਾਰ ਹੁੰਦਾ ਹੈ।

ਕਹੁ ਰਵਿਦਾਸ ਅਬ ਤ੍ਰਿਸਨਾ ਚੂਕੀ ॥

ਰਵਿਦਾਸ ਕਹਿੰਦੇ ਹਨ ਕਿ ਉਨ੍ਹਾਂ ਦੀ ਤਾਂਘ ਹੁਣ ਮਿਟ ਗਈ ਹੈ। ਇਹ ਭਾਵ ਦਰਸਾਉਂਦਾ ਹੈ ਕਿ ਅਧੂਰੀਆਂ ਇੱਛਾਵਾਂ ਦਾ ਬੇਅੰਤ ਚੱਕਰ ਮੁਕਤੀਦਾਇਕ ਚੇਤਨਾ ਤੋਂ ਪ੍ਰਾਪਤ ਸੰਤੋਖ ਰਾਹੀਂ ਸ਼ਾਂਤ ਹੋ ਜਾਂਦਾ ਹੈ।

ਜਪਿ ਮੁਕੰਦ ਸੇਵਾ ਤਾਹੂ ਕੀ ॥੪॥੧॥

ਮੁਕਤੀਦਾਇਕ ਜਾਗਰੂਕਤਾ 'ਤੇ ਚਿੰਤਨ ਕਰਦਿਆਂ ਆਪਣੇ ਆਪ ਨੂੰ ਇਸ ਅੱਗੇ ਸਮਰਪਿਤ ਕਰੋ। ਇਹ ਪੁਸ਼ਟੀਕਰਨ ਉਸ ਸਤਾ 'ਤੇ ਇਕਾਗਰਤਾ ਨੂੰ ਤਕੜਾ ਕਰਨ ਦੀ ਤਾਕੀਦ ਕਰਦਾ ਹੈ ਜਿਸ ਰਾਹੀਂ ਆਜ਼ਾਦੀ ਅਤੇ ਜਾਗਰੂਕਤਾ ਪ੍ਰਾਪਤ ਹੁੰਦੀ ਹੈ। (੪)(੧)

ਤੱਤ: ਭਗਤ ਰਵਿਦਾਸ ਨਿਡਰ ਆਜ਼ਾਦੀ ਦੇ ਸੰਕਲਪ ਨੂੰ ਜੀਵਨ ਦੇ ਜ਼ਰੂਰੀ ਹਿੱਸੇ ਵਜੋਂ ਮਨਾਉਂਦੇ ਹਨ, ਇਕ ਅੰਤਰੀਵੀ ਮਾਣ ਜੋ ਕਿਸੇ ਦੁਆਰਾ ਦਿੱਤਾ ਜਾਂ ਖੋਹਿਆ ਨਹੀਂ ਜਾ ਸਕਦਾ। ਇਹ ਦ੍ਰਿਸ਼ਟੀਕੋਣ ਬਗਾਵਤ ਦੇ ਇਕ ਇਨਕਲਾਬੀ ਰੂਪ ਨੂੰ ਦਰਸਾਉਂਦਾ ਹੈ: ਜਦੋਂ ਜਾਤ ਅਤੇ ਦਰਜਾਬੰਦੀ ਪਾਰ ਹੋ ਜਾਂਦੀ ਹੈ, ਤਾਂ

ਜਾਗਰੂਕਤਾ ਨੀਵੇਂ ਅਤੇ ਕਮਜ਼ੋਰ ਸਮਝੇ ਜਾਣ ਵਾਲਿਆਂ ਲਈ ਇਕ ਕੀਮਤੀ ਸੰਪਤੀ ਬਣ ਜਾਂਦੀ ਹੈ। ਇਸ ਜਾਗਰੂਕ ਅਵਸਥਾ ਵਿਚ, ਕਈ ਸਮਾਜ ਦੀਆਂ ਨਿਰਣਾਕੁੰਨ ਟਿੱਪਣੀਆਂ ਤੋਂ ਮੁਕਤ ਹੋ ਜਾਂਦੇ ਹਨ, ਜਿਸ ਨਾਲ ਜ਼ੁਲਮ ਦੀ ਪਕੜ ਢਿੱਲੀ ਹੋ ਜਾਂਦੀ ਹੈ।

---

ਪਹਿਲਕਦਮੀ

**Oneness In Diversity Research Foundation**
ਵੈੱਬਸਾਈਟ**:** **OnenessInDiversity.com**

ਈਮੇਲ**: onenessindiversityfoundation@gmail.com**